# ਇਲਾਕਾਈ (ਪ੍ਰਾਦੇਸ਼ਕ) ਯੋਜਨਾ ਤਿਆਰ ਕਰਨ ਵਿੱਚ ਕਲੀਸੀਆ ਅਤੇ ਸਮੂਹ ਇੱਕਜੁੱਟ ਹੋਣ।

ਜਿਹੜੇ ਬੱਚਿਆ ਨੂੰ ਸਿਖਾਂਦੇ ਹਨ, ਉਹ ਪੜਾਈ ਪੜਨ 11b

ਨਹਮਯਾਹ ਨੇ ਇਸਰਾਈਲੀ ਕਬੀਲੀਆਂ ਲਈ ਯਰੂਸ਼ਲਸ ਦੀਆ ਕੰਧਾਂ ਨੂੰ ਦੁਬਾਰਾ ਬਣਾਉਣ ਲਈ ਪ੍ਰਬੰਧ ਕੀਤਾ, ਹਰੇਕ ਕਬੀਲੇ ਕੋਲ ਆਪਣੀ ਜਗ੍ਹਾ ਲਈ ਜਿਮੇਵਾਰੀ ਸੀ, ਉਸ ਨੇ ਪਹਿਲਾਂ, ਨੁਕਸਾਨ ਦੀ ਪੜਤਾਲ ਕੀਤੀ ਅਤੇ ਯੋਜਨਾਵਾ ਬਣਾਈਆ। ਤਦ ਰੱਖਿਆ ਲਈ ਹਥਿਆਰਾਂ ਦਾ ਨਿਰਦਿਸ਼ਟ ਦਿੱਤਾ।



**1. ਆਪਣੇ ਆਪ ਨੂੰ ਪ੍ਰਾਥਨਾ ਅਤੇ ਪਰਮੇਸ਼ਵਰ ਦੇ ਵਚਨ ਦੁਆਰਾ ਤਿਆਰ ਕਰੋ।**

''ਪਿਆਰੇ ਪਰਮੇਸ਼ਵਰ, ਬੇਨਤੀ ਕਰਕੇ, ਇਸ ਪੜਾਈ ਨੂੰ, ਸਾਡੇ ਇਲਾਕੇ ਦੀਆ ਕਲੀਸੀਆਵਾਂ ਨੂੰ ਇੱਕਜੁੱਟ ਹੋ ਕੇ ਕੰਮ ਕਰਨ ਵਿੱਚ ਇਸਤਮਾਲ ਕਰੋ।''

2 ਇਤਿਹਾਸ 36:15-23 ਵਿੱਚੋ ਲੱਭੋ ਕਿ ਪਹਿਲੇ ਯਰੂਸ਼ਲਮ ਵਿੱਚ ਕੀ ਵਾਪਰਿਆ ਅਤੇ ਕਿਉਂ।?

ਸਤੱਰ ਵਰਿਆਂ ਤੋ ਇਸਰੇਲੀਆਂ ਨੇ ਬਾਬਲ ਵਿੱਚ ਬੰਦੀ ਰਹਿੰਣ ਤੋ ਬਾਦ, ਫਾਰਸ ਦੇ ਰਾਜਾ ਸੀਰਸ ਦੀ ਮੱਦਦ ਨਾਲ ਮੁੜ ਆਪਣੇ ਘਰ ਵਾਪਿਸ ਆਉਣਾ ਸੁਰੂ ਕੀਤਾ। ਨਹਮਯਾਹ ਨੇ ਯਰੂਸਲਮ ਦੀਆਂ ਕੰਧਾ ਦੂਬਾਰਾ ਬਨਾਉਣ ਵਾਸਤੇ ਛੇ ਕਦਮ (ਕਰਵਾਈ) ਚੁੱਕੇ।

**ਪਹਿਲਾ ਕਦਮ 1)** ਜਰੂਰਤ ਦੀ ਪਰਿਭਾਸ਼ਾ ਦਿਉ ਅਤੇ ਕੁਝ ਕਰਨ ਬਾਰੇ ਵੀ ਨਹਮਯਾਹ ਦਾ ਪਹਿਲੇ ਬਾਪ ਵਿੱਚ ਕਿਵੇ ਨਹਮਯਾਹ ਨੇ ਯਰੂਸਲਮ ਵਿੱਚ ਮੁਸ਼ਕਲਾਂ ਦਾ ਸਾਹਮਣਾ ਕੀਤਾ।?

- ਆਪਣੇ ਪ੍ਰਸ਼ਨਾ ਦੇ ਪੁੱਛਣ ਦੁਆਰਾ, ਨਹਮਯਾਹ ਨੇ ਯਰੂਸ਼ਲਮ ਦੇ ਨੁਕਸਾਨ ਬਾਰੇ ਕੀ ਸਿੱਖਿਆ? ਜਿਹੜਾ ਉਸ ਨੇ ਉਹਨਾ ਤੋਂ ਸੁੱਣਿਆਂ, ਉਹਨਾ ਨੇ ਕਿਵੇਂ ਉੱਤਰ ਦਿੱਤਾ? (ਆਇਤ 4)
- ਨਹਮਯਾਹ ਨੇ ਆਪਣੇ ਲੋਕਾਂ ਦੇ ਪਾਪਾਂ ਨੂੰ ਮੰਨ ਲਿਆ। ਜਿੰਨ੍ਹਾਂ ਕਾਰਨ ਇੰਨੀਆ ਜਿਆਦਾ ਮੁਸ਼ਕਲਾ ਉਸ ਦੇ ਦੇਸ਼ ਵਿੱਚ ਆਈਆਂ, ਹੋਰ ਕਿਹੜੇ ਕਿਹੜੇ ਪਾਪਾਂ ਨੂੰ ਇਸ ਵਿਚ ਜੋੜਿਆ (ਆਇਤ 6)

**ਕਦਮ 2)** ਬੁੱਧੀ ਦੀ ਪ੍ਰਾਪਤੀ ਲਈ ਪ੍ਰਾਥਨਾ ਕਰੋ ਜੋ ਤੁਸੀ ਇਸ ਅਸਲੀਅਤ ਦੀ (ਖੋਜਬੀਨ) ਜਾਂਚ ਪੜਤਾਲ ਕਰੋ। ਨਹਮਯਾਹ ਦੇ 2 ਬਾਪ ਵਿੱਚ ਲੱਭੋ ਕਿ ਨਹਮਯਾਹ ਨੇ ਕਿਵੇ ਆਪਣੇ ਆਪ ਨੂੰ ਇਸਰਾਈਲ ਲੋਕਾ ਦੀ ਮੱਦਦ ਲਈ ਤਿਆਰ ਕੀਤਾ।

**ਕਦਮ 3)** ਪ੍ਰਤਿਨੱਧ ਬਣਾ ਕੇ ਜ਼ਿੰਮੇਵਾਰੀਆਂ ਦੀ ਸਹੀ ਪਰਿਭਾਸ਼ਾ ਦੇਣ। ਨਹਮਯਾਹ ਦੇ 3 ਬਾਪ ਵਿੱਚ ਲੱਭੋ ਕਿਵੇ ਨਹਮਯਾਹ ਨੇ ਇਸ ਔਖੇ ਕੰਮ ਦਾ ਇੰਤਜਾਮ ਕੀਤਾ, ਜਿਸ ਕਾਰਨ ਉਹਨਾ ਸਭਨਾ ਨੇ ਆਪਣੀ ਯੋਗਤਾ ਦੇ ਅਨੁਸਾਰ ਹਿੱਸਾ ਲਿਆ।

**ਕਦਮ 4)** ਵਿਰੋਧੀਆਂ ਨੂੰ ਰੋਕਣ ਅਤੇ ਗਲਤ ਨਿਆ ਦਾ ਡਟ ਕੇ ਸਾਮਹਣਾ ਕਰਨਾ।

- ਨਹਮਯਾਹ 4 ਬਾਪ ਵਿੱਚ ਕਿਵੇਂ ਨਹਮਯਾਹ ਨੇ ਵਿਰੋਧੀਆਂ ਦਾ ਸਾਮਹਣਾ ਕੀਤਾ। (ਉਹਨੇ ਪ੍ਰਾਥਨਾ ਕੀਤੀ ਕਿ ਸਾਰੇ ਸਖਤ ਮਿਹਨਤ ਕਰਨ। ਉਹਨੇ ਆਪਣਾ ਧਿਆਨ ਜਿਹੜੀ ਥਾਂ ਮਾੜੀ ਸੀ, ਉੱਥੇ ਲਾਇਆ। ਉਹਨੇ ਕਾਮਿਆ ਨਾਲ ਬਹਿਸ ਕੀਤੀ ਕਿ ਉਹ, ਪਰਮੇਸ਼ਵਰ ਉੱਤੇ ਭਰੋਸਾ ਰੱਖਣ। ਅਤੇ ਆਪਣੇ ਆਪਣੇ ਹਿੱਸੇ ਦਾ ਕੰਮ ਕਰਨ, ਉਹਨੇ ਅਤੇ ਉਹਦੇ ਆਦਮੀਆ ਨੇ ਪੂਰੀ ਸਰਧਾ ਨਾਲ ਉਦਾਹਰਣ ਪੇਸ਼ ਕੀਤੀ)
- ਬਾਪ 5 ਵਿੱਚ ਲੱਭੋ ਕਿਵੇਂ ਇਹ ਮਸੀਹ ਆਗੂ ਪਰਮੇਸ਼ਵਰ ਦੇ ਲੋਕਾ ਵਾਸਤੇ ਨਿਆਂ ਨੂੰ ਲਿਆਏ।
- ਕਿਹੜਾ ਅਨ੍ਹਿਆਂ (ਬੇਇਨਸਾਫੀ) ਨਹਮਯਾਹ ਅਤੇ ਉਹਦੇ ਲੋਕਾ ਨੇ ਆਪਣੇ ਆਪ ਰੋਕਿਆ ਸੀ? (ਆਇਤ 7 ਅਤੇ 15 ਵਿੱਚ ਦੇਖੋ)

**ਕਦਮ 5)** ਵਿਰੋਧੀਆ ਅਤੇ ਝੂਠਿਆਂ ਦੇ ਸਾਮਹਣੇ ਡੱਟ ਕੇ ਖੜੇ ਰਹਿਣਾ। ਬਾਪ 6 ਵਿੱਚੋ ਵੇਖੋ, ਨਹਮਯਾਹ ਅਤੇ ਉਹਦੇ ਨਾਲ ਕੰਮ ਕਰਨ ਵਾਲੇ ਨੇ ਇਸ ਯੋਜਨਾ ਵਿੱਚ ਅੱਣਥੱਕ ਪ੍ਰਜਤਨ ਕਰਕੇ ਪਰਮੇਸ਼ਵਰ ਨੂੰ ਮਹਿਮਾ ਦਿੱਤੀ।

- ਨਹਮਯਾਹ ਨੇ ਕਿਸ ਤਰ੍ਹਾਂ ਆਪਣਾ ਧਿਆਨ ਉਦਾਸ ਹੋਣ ਤੋ ਹਟਾਇਆ ਜਾ ਜਦੋ ਉਹਦੇ ਵੈਰਿਆ ਨੇ ਉਹਨੂੰ ਧਮਕਾਇਆ? (ਆਇਤ 11-14 ਵਿੱਚ ਦੇਖੋ)
- ਉਹ ਕੰਧ ਕੋਈ 100 ਵਰ੍ਹਿਆਂ ਤੋ ਪਹਿਲੇ ਤੋ ਟੁੱਟ ਕੇ ਡਿੱਗ ਪਈ ਸੀ।
- ਪਰਮੇਸ਼ਵਰ ਦੀ ਮੱਦਦ ਨਾਲ ਕਿੰਨੇ ਦਿੰਨਾਂ ਵਿੱਚ ਦੁਬਾਰਾ ਬਣਾ ਲਿਆ ਗਿਆ? (ਆਇਤ 15 ਦੇਖੋ)
- ਉਨਾ ਦੇ ਵੈਰੀਆਂ ਨੂੰ ਕੀ ਇਸਰਾਈਲ ਦੇ ਪਰਮੇਸ਼ਵਰ ਬਾਰੇ ਕੀ ਸਿਖਾਇਆ ਗਿਆ? (ਆਇਤ 16 ਦੇਖੋ)
- **ਕਦਮ 6)** ਯੋਜਨਾ ਪੂਰੀ ਹੋਣ ਤੇ ਪਰਮੇਸ਼ਵਰ ਨੂੰ ਮਹਿਮਾ ਦਿਉ, ਨਹਮਯਾਹ 8:2, 12 ਅਤੇ 9:1-5 ਵਿੱਚ ਲੱਭੋ ਉਹ ਅਸੀਸਾਂ ਜਿਹੜੀਆਂ ਪਰਮੇਸ਼ਵਰ ਨੇ ਆਪਣੇ ਲੋਕਾ ਉੱਤੇ ਡੋ੍ਹਲ ਦਿੱਤੀਆ।

**2. ਆਪਣੇ ਸਾਥੀਆ ਨਾਲ ਇੱਕਠੇ ਹੋ ਆਉਣ ਵਾਲੇ ਹਫਤੇ ਵਿੱਚ ਕਰਨ ਵਾਲੀਆਂ ਚੀਜਾ ਦੀ ਯੋਜਨਾ ਬਣਾਉ।**

ਉਨ੍ਹਾਂ ਚੀਜ਼ਾਂ ਨੂੰ ਚੁਣ ਲਉ, ਜਿਹੜੀਆਂ ਜਰੂਰਤ, ਸਥਾਨਿਕ ਰੀਤੀ ਰਿਵਾਜ ਨਾਲ ਮਿਲਦੀਆਂ ਹਨ।

- ਸਮਾਜ ਅਤੇ ਦੂਜੀਆਂ ਜਗ੍ਹਾਵਾਂ ਦੀਆ ਕਲੀਸੀਆਵਾਂ ਦੀਆਂ ਲੋੜਾਂ ਬਾਬਤ ਪ੍ਰਸ਼ਨ ਪੁੱਛੋ।
- ਦੂਜੇ ਸਮੂੰਹ (ਇਜੱੜ) ਦੀ ਅਗਵਾਈ ਨਾਲ ਮਿਲਕੇ, ਇੱਕਜੁੱਟ ਹੋਕੇ ਕੰਮ ਕਰਨ ਦੀ ਯੋਜਨਾ ਬਣਾਉ, ਹੋਰ ਦੂਜੀਆਂ ਜਗ੍ਹਾਵਾਂ ਦੀਆਂ ਜ਼ਰੂਰਤਾਂ ਲਈ ਮਦਦ ਭੇਜੋ।
- ਨਹਮਯਾਹ ਦੇ ਕਦਮਾ ਤੇ ਚਲੇ ਇੱਕ ਵੱਡਾ ਕੰਮ ਨੂੰ ਪਰਮੇਸ਼ਵਰ ਲਈ ਸਗਠਿਤ ਕਰਕੇ ਪੂਰਾ ਕਰਨਾ।

**3. ਆਪਣੇ ਸਾਥੀਆ ਨਾਲ ਆਉਣ ਵਾਲੀ ਪ੍ਰਾਥਨਾ ਵੇਲੇ ਦੀ ਯੋਜਨਾ ਬਨਾਉ**

ਉਨ੍ਹਾਂ ਚੀਜ਼ਾਂ ਨੂੰ ਚੁਣ ਲਉ ਜਿਹੜੀਆਂ ਉਸ ਸਮੇ ਲਈ ਠੀਕ ਹਨ। ਅਰਾਧਨਾ ਵਿੱਚ ਪ੍ਰਾਥਨਾ ਕਰੋ, ਪਾਪਾਂ ਨੂੰ ਪਰਮੇਸ਼ਵਰ ਕੋਲ ਮੰਨ ਲਉ, ਉਹ ਕਹੋ ਕਿ ਉਹ ਤੁਹਾਨੂੰ ਦੂਜਿਆਂ ਦੀਆਂ ਲੋੜਾਂ ਬਾਰੇ ਦਿਖਾਏ। ਪਰਮੇਸ਼ਵਰ ਨੂੰ ਕਹ ਕਿ ਵੱਖ-ਵੱਖ ਸਮੂੰਹਾਂ (ਝੁੰਡਾਂ) ਤੋ ਮਸੀਹਾ ਨੂੰ ਇੱਕਜੁੱਟ ਕਰੇ, ਸੋ ਇਸ ਕਰਕੇ ਉਹ ਇੱਕਠੇ ਹੋਕੇ ਉਸ ਲਈ ਸੇਵਾ ਕਰਨ।

ਪਰਮੇਸ਼ਵਰ ਦੀ ਵਡਿਆਈ ਕਰੋ ਉਨ੍ਹਾਂ ਰਾਹਾਂ ਦੀ, ਕਿ ਮਸੀਹੀਆਂ ਨੇ ਇੱਕਜੁੱਟ ਹੋ ਕੇ ਝੁੰਡ ਦੇ ਬਾਹਰਲੇ ਲੋਕਾਂ ਦੀਆ ਜਰੂਰਤਾਂ ਨੂੰ ਪੂਰਾ ਕੀਤਾ, ਗਵਾਹੀ ਦੇਣ ਲਈ ਕਹੋ, ਅਤੇ ਪਿੱਛਲੇ ਹਫਤੇ ਕੰਮ ਕੀਤਾ, ਉਹਦੀਆ ਸੂਚਨਾਵਾਂ ਦਿਉ।

ਦੱਸੋ, ਨਹਮਯਾਹ ਦੀ ਕਹਾਣੀ ਦੇ ਹਿੱਸਿਆ ਨੂੰ ਕਰਕੇ ਦੱਸੋ, ਤੁਸੀਂ ਆਗੂ ਇਸ ਪੜ੍ਹਾਈ ਨੂੰ ਕਈ ਹਫਤਿਆਂ ਤੱਕ ਵਧਾ ਸੱਕਦੇ ਹੋ।

ਨਹਮਯਾਹ ਦੇ 1 ਅਤੇ 2 ਬਾਪ ਨੂੰ, ਇੱਕ ਸਹਾਇਤਾ ਕਰਨ ਵਾਲੇ ਲਈ ਤਿਆਰ ਕਰੋ। ਉਹ ਇਸ ਬਾਰੇ ਬਿਆਨ ਕਰਨ ਕਿ ਪਹਿਲਾ ਸਭਨਾ ਨੂੰ ਕਹੋ ਕਿ ਉਹ ਸੁਣਨ, ਅਤੇ ਸਿੱਖਣ। ਉਹ ਕਰਨ ਜਿਹੜੇ ਨਹਮਯਾਹ ਨੇ ਲੋਕਾਂ ਦੀਆਂ ਜਰੂਰਤਾਂ ਨੂੰ ਖੋਜਣ ਵਿੱਚ ਕੀਤੇ, ਅਤੇ ਆਪਣੇ ਆਪ ਨੂੰ ਉਸ ਕੰਮ ਵਾਸਤੇ ਤਿਆਰ ਕੀਤਾ, ਕਹਾਣੀ ਦੱਸਣ ਤੋ ਬਾਦ, ਵਿਸ਼ਵਾਸੀਆ ਨੂੰ ਪੁੱਛੋ, ਉਹਨਾ ਨੇ ਕੀ ਖੋਜਿਆ? (ਉੱਤਰ ਪਹਿਲੇ ਭਾਗ ਵਿੱਚ ਮੌਜੂਦ ਹਨ)



ਇੱਕ ਨਾਟਕ ਤਿਆਰ ਕਰੋ, ਨਹਮਯਾਹ ਨੇ ਕਿਵੇ ਆਪਣੇ ਵਿਰੋਧੀ ਪੜੇ ਨਾਲ ਆਪਣੀ ਯੋਜਨਾ ਨੂੰ ਵੰਡਿਆ।

ਨਹਮਯਾਹ, ''ਪਰਮੇਸ਼ਵਰ ਸਾਡੇ ਸਹਿਰ ਦੀਆਂ ਕੰਧਾ ਬਨਾਉਣ ਵਿੱਚ ਸਾਡੀ ਮੱਦਦ ਕਰੂੰਗਾ।।''

ਸਨਬਲਟ- ਨਹਮਯਾਹ ਦੇ ਪਿੱਛੋ ਚੁੱਪ-ਚਾਪ ਭੱਜ ਕੇ ਆਉਦਾ ਹੈ, ਉਹ ਅਚਾਨਕ ਮੁੜਦਾ ਹੈ।

ਕਹੋ, ''ਆਪਣਾ ਕੰਮ ਬੰਦ ਕਰੋ, ਇਹ ਤੇਰੇ ਲਈ ਬਹੁਤ ਜਿਆਦਾ ਹੈ।''

ਨਹਮਯਾਹ, ''ਪਰਮੇਸ਼ਵਰ ਨੇ ਮੈਨੂੰ ਇਹ ਪੂਰਾ ਕੰਮ ਕਰਨ ਲਈ ਦਿੱਤਾ ਹੈ, ਇੱਥੋਂ ਚਲਾ ਜਾ।''

ਸਨਬਲਟ– ''ਤੈਨੂੰ ਇਹ ਸਫਲਤਾ ਕਦੀ ਨਹੀ ਮਿਲੇਗੀ। ਸਾਡੇ ਕੋਲ ਆ ਜਾ।''

''ਸਾਨੂੰ ਤੇਰੀ ਜਰੂਰਤ ਇੱਕ ਬੜੀ ਜਰੂਰੀ (ਮਹੱਤਵਪੂਰਨ) ਸਭ ਵਿਚ ਹੈ।

ਨਹਮਯਾਹ, ''ਅਸੀ ਇੱਕ ਮਹਾਨ ਕੰਮ ਕਰ ਰਹੇ ਹਾਂ। ਮੈ ਇਹਨੂੰ ਰੋਕ ਨਹੀ ਸਕਦਾ। ਜਦੋ ਤੱਕ ਮੈ ਸਭਾ ਵਿੱਚ ਜਾਵਾਂ, ਇਹ ਕੰਮ ਰੋਕਿਆ ਨਾ ਜਾਵੇ?''

ਸਨਬਲਟ, ''ਭੈ ਇਥੇ ਬਹੁਤ ਜਿਆਦਾ ਬਿਪਤਾ (ਖਤਰਾ) ਲਿਆ ਰਿਹਾ ਹੈ

ਨਹਮਯਾਹ:– ''ਪਰਮੇਸ਼ਵਰ ਸਾਡੀ ਰੱਖਿਆ ਕਰੇਗਾ।''

ਬੱਚਿਆਂ ਨੂੰ ਕਵਿਤਾ ਪੇਸ਼ ਕਰਨ ਦਿਉ, ਨਾਟਕ ਅਤੇ ਪ੍ਰਸ਼ਨ ਜਿਹੜਾ ਉਨ੍ਹਾਂ ਨੇ ਬਾਲਿਗਾਂ ਲਈ ਤਿਆਰ ਕੀਤੇ ਹਨ। ਪ੍ਰਭੂ ਭੋਜ ਪੇਸ਼ ਕਰੋ, ਪੜ੍ਹੋ ਨਹਮਯਾਹ 2:1–5 ਸਮਝਾਉ ਕਿ ਉਹ ਨਹਮਯਾਹ ਰਾਜਾ ਕੋਲੋ ਇੱਕ ਕੱਪ ਲੈ ਕੇ ਆਇਆ, ਪਰ ਜਦੋ ਅਸੀ ਪਰਮੇਸ਼ਵਰ ਦੀ ਮੇਜ਼ ਕੋਲ ਆਉਂਦੇ ਹਾਂ, ਸਾਡਾ ਰਾਜਾ ਯੀਸ਼ੂ ਸਾਡੇ ਲਈ ਪਿਆਲਾ ਲੈ ਕੇ ਆਉਦਾ ਹੈ, ਉਹ ਖੂਨ ਸਾਡੇ ਪਾਪਾ ਦੀ ਮਾਫੀ (ਖਿਮਾ) ਲੈ ਕੇ ਦਿੰਦਾ ਹੈ, ਅਤੇ ਸਾਡੇ ਰਿਸਤੇ ਪਰਮੇਸ਼ਵਰ ਨਾਲ ਜਿਹੜਾ ਰਾਜਾ ਹੋ ਕਰਦਾ ਹੈ।

ਘੋਸ਼ਣਾ ਕਰੋ ਉਹਨਾ ਚੀਜ਼ਾਂ ਦੀ, ਜਿੰਨਾ ਨੂੰ ਕਰਨ ਦੀ ਯੋਜਨਾ ਤੁਸੀ ਹਫਤੇ ਵਿੱਚ ਕਰਨ ਦੀ ਬਣਾਈ ਹੈ ਪ੍ਰਾਥਨਾ ਕਰੋ ਅਤੇ ਲੋਕਾਂ ਨੂੰ ਜਥੇਬੰਦ ਕਰੋ, ਉਹ ਪਰਮੇਸ਼ਵਰ ਦੀ ਸੇਵਾ ਇੱਕਜੁੱਟ ਹੋਕੇ ਮਿਲ ਕੇ ਕੰਮ ਕਰਨ ਕਿ ਕੋਈ ਵੱਡੀ ਲਲਕਾਰ ਉਨ੍ਹਾਂ ਨੂੰ ਮਿਲੇ।

ਇੱਕਠੇ ਯਾਦ ਕਰੋ 2 ਇਤਹਾਸ– 7:14

ਦੋ ਜਾ ਤਿੰਨ ਦੇ ਸਮੂੰਹ ਵਿੱਚ ਇੱਕ ਦੂਜੇ ਦੀ ਮੱਦਦ ਕਰੋ, ਪ੍ਰਾਥਨਾ

ਹੋਰਨਾ ਕੰਮਾਂ, ਅਤੇ ਕਲੀਸੀਆਵਾਂ ਦੀਆਂ ਯੋਜਨਾਵਾਂ ਵਿੱਚ ਉਹ ਜਰੂਰਤ ਵੰਦ ਹਨ, ਉਨ੍ਹਾਂ ਕੰਮਾ ਬਾਰੇ ਜਾਣੋ, ਤੇ ਇੱਕ ਦੂਜੇ ਦਾ ਉਤਸ਼ਾਹ ਵਧਾਉ।

Copyright 2004 © by Paul-Timothy. May be freely copied. Download from www.Paul-Timothy.net